**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**
**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

**ਪਬਲਿਕ ਨੋਟਿਸ**

ਨੰ: 737424/4 ਮਿਤੀ 08.11.2024

1. ਸਿੱਖਿਆ ਵਿਭਾਗ, ਪੰਜਾਬ ਵਿੱਚ ਈ.ਟੀ.ਟੀ.ਕਾਡਰ ਦੀਆਂ ਬਾਰਡਰ ਏਰੀਆ ਦੀਆਂ 2364 ਆਸਾਮੀਆਂ ਭਰਨ ਲਈ ਪਬਲਿਕ ਨੋਟਿਸ ਨੰ 737424 /3 ਮਿਤੀ 02.11.2024 ਜਾਰੀ ਕਰਕੇ ਯੋਗ ਉਮੀਦਵਾਰਾਂ ਨੂੰ ਮਿਤੀ 05.11.2024 ਨੂੰ 10:00 ਵਜੇ ਤੋਂ ਮਿਤੀ 06.11.2024 ਦੇ 12:00 ਵਜੇ ਰਾਤ ਤੱਕ ਆਨਲਾਈਨ ਸਟੇਸ਼ਨ ਚੋਣ ਲਈ ਸੱਦਾ ਦਿੱਤਾ ਗਿਆ ਸੀ।

2. ਉਕਤ ਪਬਲਿਕ ਨੋਟਿਸ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਈਟੀਟੀ 2364 ਭਰਤੀ ਅਧੀਨ EWS ਕੋਟੇ ਸਬੰਧੀ ਜਾਰੀ ਕੀਤੀ ਗਈ ਪ੍ਰੋਵੀਜ਼ਨ ਸਿਲੈਕਸ਼ਨ ਲਿਸਟ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿਟ ਪਟੀਸ਼ਨ ਨੰ. 4264 of 2021 ਸਿਕੰਦਰ ਸਿੰਘ ਅਤੇ ਹੋਰ ਅਤੇ ਪੰਜਾਬ ਸਰਕਾਰ ਦੇ ਫੈਸਲੇ ਮਿਤੀ 14.10.2024 ਰਾਹੀਂ ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਵਿਭਾਗ (ਰਿਜ਼ਰਵੇਸ਼ਨ ਸੈਲ) ਦੇ ਪੱਤਰ ਨੰ: 1/3/2019-RC1/700 ਮਿਤੀ 30.10.2020 ਦਾ clause 8 ਅਤੇ ਕਲੈਰੀਫਿਕੇਸ਼ਨ/ਇਨਸਟੱਰਕਸ਼ਨ ਪੱਤਰ ਨੰ: 1/3/2019-RC1/196 ਮਿਤੀ 18.03.2021, ਜੋ ਕਿ ਈ.ਡਬਲਿਊ ਐਸ ਕੈਟਾਗਰੀ ਨਾਲ ਸਬੰਧਤ ਹਨ, ਨੂੰ ਸੈਟ ਅਸਾਈਡ ਕਰ ਦਿੱਤਾ ਗਿਆ ਹੈ। ਇਸ ਬੰਚ ਮੈਟਰ ਨਾਲ ਸਿੱਖਿਆ ਵਿਭਾਗ ਦੇ ਈ ਟੀ ਟੀ ਕਾਡਰ ਦੀ 2364 ਭਰਤੀ ਨਾਲ ਸਬੰਧਤ ਸਿਵਲ ਰਿੱਟ ਪਟੀਸ਼ਨ ਨੰ 19201/ 2024, ਸਿ ਰਿ ਪ ਨੰ 14988/2023 ਅਤੇ ਸਿ ਰਿ ਪ ਨੰ 16999/2023 ਕਲੱਬ ਹਨ, ਇਹ ਫੈਸਲਾ ਇਹਨਾਂ ਰਿੱਟਾਂ ਤੇ ਲਾਗੂ ਹੋਵੇਗਾ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਉਕਤ ਫੈਸਲੇ ਮਿਤੀ 14.10.2024 ਦੀ ਰੌਸ਼ਨੀ ਵਿੱਚ ਭਰਤੀ ਡਾਇਰੈਕਟੋਰੇਟ ਵਲੋਂ ਭੇਜੀ ਪ੍ਰੋਵੀਜਨਲ ਸੂਚੀ ਵਿਚਲੇ ਯੋਗ ਉਮੀਦਵਾਰਾਂ ਨੂੰ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਮੌਜੂਦ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸੈੱਲ ਵਲੋਂ ਆਨਲਾਈਨ ਪ੍ਰਕਿਰਿਆ ਰਾਹੀਂ ਸਟੇਸਨ ਚੋਂਣ ਕਰਵਾਈ ਜਾਵੇਗੀ। ਸਟੇਸ਼ਨ ਚੋਣ ਦੇ ਮੰਤਵ ਲਈ ਪੋਰਟਲ ਮਿਤੀ 08.11.2024 ਨੂੰ 12:00 ਵਜੇ ਬਾਅਦ ਦੁਪਹਿਰ ਤੋਂ 10.11.2024 ਨੂੰ ਰਾਤ 12:00 ਤੱਕ ਖੁੱਲ੍ਹਾ ਰਹੇਗਾ। ਇਸ ਭਰਤੀ ਨਾਲ ਸਬੰਧਤ ਕੋਰਟ ਕੇਸਾਂ ਵਿੱਚ ਭਵਿੱਖ ਵਿੱਚ ਹੋਣ ਵਾਲਾ ਫੈਸਲਾ ਇਸ ਸਟੇਸਨ ਚੋਣ ਪ੍ਰਕਿਰਿਆ ਤੇ ਲਾਗੂ ਹੋਣਗੇ।

4. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ 6635 ਭਰਤੀ ਅਧੀਨ ਪਹਿਲਾਂ ਹੀ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਨਿਯੁਕਤ ਹਨ ਅਤੇ ਬਤੌਰ ਈ ਟੀ ਟੀ ਟੀਚਰ ਕੰਮ ਕਰ ਰਹੇ ਹਨ, ਉਹ ਉਮਦੀਵਾਰ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ ਪ੍ਰੰਤੂ ਉਹਨਾਂ ਦੀ ਨਿਯੁਕਤੀ ਦਾ ਸਥਾਨ ਉਹੀ ਰਹੇਗਾ ਜਿਸ ਤੇ ਉਹ ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਹਨ।

**ਸੁਪਰਡੰਟ (ਅਮਲਾ-2)**